# ਕਿਉਂ ਹੈ ਦੰਦਾਂ ਦੀ ਸੰਭਾਲ ਜ਼ਰੂਰੀ?



ਦੰਦ ਰੱਬ ਵਲੋਂ ਮਨੁੱਖ ਨੂੰ ਦਿੱਤੀ ਇਕ ਅਨਮੋਲ ਨਿਆਮਤ ਹੈ, ਇਨ੍ਹਾਂ ਦੀ ਸਾਂਭ-ਸੰਭਾਲ ਕਰਨੀ ਬਹੁਤ ਜ਼ਰੂਰੀ ਹੈ । ਚੰਗੀ ਸਾਂਭ-ਸੰਭਾਲ ਨਾਲ ਇਹ ਜੀਵਨ ਦਾ ਲੰਬਾ ਸਾਥ ਦੇ ਸਕਦੇ ਹਨ ਪਰ ਜੇਕਰ ਅਸੀਂ ਇਨ੍ਹਾਂ ਦੀ ਸਾਂਭ-ਸੰਭਾਲ ਠੀਕ ਤਰ੍ਹਾਂ ਨਹੀਂ ਕਰਦੇ ਤਾਂ ਇਨ੍ਹਾਂ ਦਾ ਡਿੱਗਣਾ ਯਕੀਨੀ ਬਣ ਜਾਂਦਾ ਹੈ । ਇਸ ਦੌਰਾਨ ਹੋਣ ਵਾਲਾ ਦਰਦ ਅਸਹਿਣਯੋਗ ਹੁੰਦਾ ਹੈ ਤਾਂ ਅਸੀਂ ਡਾਕਟਰ ਨੂੰ ਸੁਝਾਅ ਦਿੰਦੇ ਹਾਂ ਕਿ ਇਸ ਦੰਦ ਨੂੰ ਕੱਢ ਦਿੱਤਾ ਜਾਵੇ ।

ਪਰ ਜੇਕਰ ਡਾਕਟਰ ਇਸ ਦੰਦ ਨੂੰ ਬਚਾਉਣ ਦੀ ਸਲਾਹ ਦਿੰਦਾ ਹੈ ਤਾਂ ਸਾਡੇ ਦਿਮਾਗ ਵਿਚ ਇਹੀ ਆਉਂਦਾ ਹੈ ਕਿ ਡਾਕਟਰ ਆਪਣੇ ਫਾਇਦੇ ਲਈ ਸਾਡੀ ਗੱਲ ਨਾ ਮੰਨ ਕੇ ਇਲਾਜ ਦਾ ਸੁਝਾਅ ਦੇ ਰਿਹਾ ਹੈ ਪਰ ਸਾਡੇ ਜ਼ਿਹਨ ਵਿਚ ਇਹ ਕਿਉਂ ਨਹੀਂ ਆਉਂਦਾ ਕਿ ਅੱਜ ਅਸੀਂ ਕੁਝ ਪੈਸਿਆਂ ਦੀ ਬੱਚਤ ਕਾਰਨ ਆਪਣਾ ਇਕ ਅਨਮੋਲ ਦੰਦ ਗਵਾ ਦੇਵਾਂਗੇ ਜਿਸ ਦੀ ਕੱਲ ਵੱਡੀ ਕੀਮਤ ਚੁਕਾਉਣੀ ਪੈ ਸਕਦੀ ਹੈ । ਅੱਜ ਇਸ ਲੇਖ ਰਾਹੀਂ ਇਹ ਗੱਲ ਕਰ ਰਹੇ ਹਾਂ ਕਿ ਕਿਉਂ ਹੈ ਕੁਦਰਤੀ ਦੰਦਾਂ ਦੀ ਸਾਂਭ-ਸੰਭਾਲ ਜ਼ਰੂਰੀ ? ਕਿਉਂ ਇਨ੍ਹਾਂ ਦੀ ਜਗ੍ਹਾ ਨਕਲੀ ਦੰਦ ਨਹੀਂ ਲੈ ਸਕਦੇ ? ਨਸਾਂ ਦਾ ਇਲਾਜ ਕੀ ਹੈ ? ਜਦੋਂ ਅਸੀਂ ਕੀੜਾ ਲੱਗਣ ਕਾਰਨ ਜਾ ਕਿਸੇ ਹੋਰ ਕਾਰਨਾਂ ਕਰਕੇ ਆਪਣਾ ਦੰਦ ਕਢਵਾ ਦਿੰਦੇ ਹਾਂ ਤਾਂ ਉਥੇ ਇਕ ਖਾਲੀ ਥਾਂ ਬਚ ਜਾਂਦੀ ਹੈ ਅਤੇ ਇਸ ਖਾਲੀ ਥਾਂ ਦੇ ਪਿੱਛੇ ਜੋ ਦੰਦ ਹੁੰਦਾ ਹੈ ਉਸ ਦਾ ਕੋਈ ਸੰਪਰਕ ਨਹੀਂ ਹੁੰਦਾ । ਉਹ ਇਸ ਖਾਲੀ ਥਾਂ ਵੱਲ ਝੁਕਣ ਲੱਗਦਾ ਹੈ । ਇਸੇ ਇਕ ਦੰਦ ਦੇ ਆਪਣੀ ਥਾਂ ਤੋਂ ਹਿੱਲਣ ਕਰਕੇ ਬਾਕੀ ਸਾਰੇ ਦੰਦਾਂ ਦਾ ਸੰਪਰਕ ਵੀ ਆਪਸ ਵਿਚ ਖਰਾਬ ਹੋ ਜਾਂਦਾ ਹੈ ਅਤੇ ਮੂੰਹ ਦਾ ਸੰਤੁਲਨ ਵਿਗੜ ਜਾਂਦਾ ਹੈ, ਜਿਸ ਨਾਲ ਮੂੰਹ ਦੀਆਂ ਮਾਸਪੇਸ਼ੀਆਂ ਵਿਚ ਖਿਚਾਅ ਦੀ ਕਮੀ ਹੋ ਜਾਂਦੀ ਹੈ ਅਤੇ ਇਨ੍ਹਾਂ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਦਾ ਅਸੰਤੁਲਨ ਪੈਦਾ ਹੋ ਜਾਂਦਾ ਹੈ ਤੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਸੱਦਾ ਦਿੰਦਾ ਹੈ, ਇਸ ਲਈ ਅਸੰਤੁਲਨ ਪੈਦਾ ਨਾ ਹੋਣ ਦਿੱਤਾ ਜਾਵੇ । ਇਸੇ ਕਰਕੇ ਸਾਨੂੰ ਕੁਦਰਤੀ ਦੰਦ ਦਾ ਬਚਾਅ ਕਰਨਾ ਚਾਹੀਦਾ ਹੈ ।

**ਕਿਵੇਂ ਕਰੀਏ ਇਨ੍ਹਾਂ ਦਾ ਬਚਾਅ**-ਇਕ ਵਾਰ ਜਦੋਂ ਦੰਦਾਂ ਨੂੰ ਕੀੜਾ ਲੱਗਣਾ ਸ਼ੁਰੂ ਹੋ ਗਿਆ ਤਾਂ ਅਸੀਂ ਇਸ ਸਮੱਸਿਆ ਨੂੰ ਖਤਮ ਤਾਂ ਨਹੀਂ ਕਰ ਸਕਦੇ ਪਰ ਹਾਂ ਅੱਗੇ ਵਧਣ ਤੋਂ ਰੋਕ ਸਕਦੇ ਹਾਂ। ਜੇਕਰ ਦੰਦਾਂ ਦਾ ਕੀੜਾ ਉਪਰਲੇ ਹਿੱਸੇ 'ਤੇ ਹੈ ਅਤੇ ਕੋਈ ਵੀ ਦਰਦ ਪੈਦਾ ਨਹੀਂ ਕਰ ਰਿਹਾ ਤਾਂ ਇਸ 'ਚੋਂ ਕੀੜੇ ਨੂੰ ਕੱਢ ਕੇ ਕੋਈ ਧਾਤ ਭਰ ਦਿੱਤੀ ਜਾਂਦੀ ਹੈ ਪਰ ਜੇਕਰ ਕੀੜਾ ਨਸ ਤਕ ਪਹੁੰਚ ਚੁੱਕਿਆ ਹੈ ਅਤੇ ਦਰਦ ਪੈਦਾ ਕਰ ਰਿਹਾ ਹੈ ਤਾਂ ਅਸੀਂ 'ਨਸਾਂ ਦੇ ਇਲਾਜ' ਨੂੰ ਚੁਣਦੇ ਹਾਂ । ਇਸ ਵਿਚ ਦੰਦਾਂ ਦੀ ਨਸ ਨੂੰ ਕੱਢ ਕੇ ਇਸ ਵਿਚ ਗੱਟਾ ਪਰਚਾ ਭਰ ਦਿੱਤਾ ਜਾਂਦਾ ਹੈ, ਇਸ ਨਾਲ ਦੰਦਾਂ ਵਿਚ ਦਰਦ ਨਹੀਂ ਰਹਿੰਦਾ ਅਤੇ ਇਹ ਕੁਦਰਤੀ ਦੰਦ ਦੀ ਤਰ੍ਹਾਂ ਹੀ ਠੀਕ ਕਰਦਾ ਹੈ । ਇਸ ਤਕਨੀਕ ਨੂੰ 'ਰੂਟ-ਕਨਾਲ ਟਰੀਟਮੈਂਟ' ਕਿਹਾ ਜਾਂਦਾ ਹੈ ।

**ਨਕਲੀ ਦੰਦ ਕਿਉਂ ਨਹੀਂ**-ਪਰ ਜੇਕਰ ਅਸੀਂ ਇਸੇ ਜਗ੍ਹਾ 'ਤੇ ਨਕਲੀ ਦੰਦ ਲਗਵਾ ਲੈਂਦੇ ਹਾਂ ਤਾਂ ਇਹ ਕੁਦਰਤੀ ਦੰਦਾਂ ਦੀ ਤਰ੍ਹਾਂ ਹੱਡੀ ਵਿਚ ਨਹੀਂ ਹੁੰਦੇ, ਜਿਸ ਕਰਕੇ ਇਹ ਕੁਦਰਤੀ ਦੰਦ ਵਾਂਗ ਭਾਰ ਨਹੀਂ ਸਹਿ ਸਕਦੇ, ਦੂਜਾ ਇਨ੍ਹਾਂ ਦੇ ਆਸ-ਪਾਸ ਭੋਜਨ ਇਕੱਠਾ ਹੋ ਜਾਂਦਾ ਹੈ ਕਿਉਂਕਿ ਦੰਦਾਂ ਅਤੇ ਮਸੂੜਿਆਂ ਵਿਚ ਇਕ ਖਾਲੀ ਥਾਂ ਹੁੰਦੀ ਹੈ ਜੋ ਕਿ ਭੋਜਨ ਅਤੇ ਜੀਵਾਣੂਆਂ ਦੇ ਇਕੱਠੇ ਹੋਣ ਦਾ ਘਰ ਹੈ, ਜਿਸ ਕਾਰਨ ਮਸੂੜਿਆਂ 'ਤੇ ਸੋਜਿਸ਼ ਹੋ ਜਾਂਦੀ ਹੈ ਅਤੇ ਹੱਡੀ ਗਲਣੀ ਸ਼ੁਰੂ ਹੋ ਜਾਂਦੀ ਹੈ। ਇਸੇ ਕਰਕੇ ਨਕਲੀ ਦੰਦਾਂ ਨੂੰ ਪਹਿਲ ਨਹੀਂ ਦਿੱਤੀ ਜਾਂਦੀ । ਇਹ ਵੀ ਨਹੀਂ ਹੈ ਕਿ ਨਕਲੀ ਦੰਦ ਬਿਲਕੁਲ ਹੀ ਸਹਾਈ ਨਹੀਂ ਹੁੰਦੇ ਅਤੇ ਇਨ੍ਹਾਂ ਨੂੰ ਕਦੇ ਨਹੀਂ ਲਗਾਇਆ ਜਾਂਦਾ । ਇਹ ਵੀ ਆਪਣੀ ਜਗ੍ਹਾ ਸਹਾਈ ਹੁੰਦੇ ਹਨ ਪਰ ਉਥੇ ਹੀ ਜਿਥੇ ਕੁਦਰਤੀ ਦੰਦਾਂ ਦਾ ਕੱਢਣਾ ਬਹੁਤ ਜ਼ਰੂਰੀ ਹੋ ਜਾਵੇ । ਉਥੇ ਇਹ ਬਹੁਤ ਸਹਾਈ ਹੁੰਦੇ ਹਨ ਪਰ ਸਾਡਾ ਪਹਿਲਾ ਕਦਮ ਕੁਦਰਤੀ ਦੰਦਾਂ ਨੂੰ ਬਚਾਉਣ ਵੱਲ ਹੋਣਾ ਚਾਹੀਦਾ ਹੈ । ਨਕਲੀ ਦੰਦ ਖਾਲੀ ਥਾਂ ਭਰਨ ਦਾ ਸਾਧਨ ਹਨ, ਹੋਰ ਕੁਝ ਨਹੀਂ । ਗੱਲ ਇਥੇ ਹੀ ਖਤਮ ਕੀਤੀ ਜਾ ਸਕਦੀ ਹੈ ਕਿ ਇਹ ਨੌਬਤ ਹੀ ਨਾ ਆਉਣ ਦਿੱਤੀ ਜਾਵੇ ਕਿ ਕੁਦਰਤੀ ਦੰਦ ਸਾਡਾ ਸਾਥ ਛੱਡ ਦੇਣ, ਇਨ੍ਹਾਂ ਦੀ ਸਾਂਭ-ਸੰਭਾਲ ਕਰੋ । ਇਹ ਸਾਡੀ ਮੁਸਕਾਨ ਨੂੰ ਜ਼ਿੰਦਗੀ ਭਰ ਕਾਇਮ ਰੱਖਣਗੇ ।

## ਚੰਗੀ ਸਿਹਤ : ਹਰੇ ਸਲਾਦ ਦੀ ਅਹਿਮੀਅਤ



ਹਰੀਆਂ ਪੱਤੇਦਾਰ ਸਬਜ਼ੀਆਂ ਸਰੀਰ ਦੇ ਵਾਧੇ ਅਤੇ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹਨ, ਕਿਉਂਕਿ ਇਨ੍ਹਾਂ ਵਿਚ ਸਾਰੇ ਲੋੜੀਂਦੇ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ। ਹਰੀਆਂ ਸਬਜ਼ੀਆਂ ਸਾਗ ਅਤੇ ਸਬਜ਼ੀ ਦੇ ਤੌਰ 'ਤੇ ਅਤੇ ਦਾਲਾਂ ਵਿਚ ਰਲਾ ਕੇ, ਚਟਣੀ, ਪਰੌਂਠੇ ਅਤੇ ਚੌਲਾਂ ਵਿਚ ਪਾ ਕੇ ਖਾਧੀਆਂ ਜਾਂਦੀਆਂ ਹਨ । ਆਮ ਤੌਰ 'ਤੇ ਪਾਲਕ, ਸਰ੍ਹੋਂ, ਮੇਥੀ, ਮੇਥੇ, ਬਾਥੂ, ਪੁਦੀਨਾ, ਬੰਦ ਗੋਭੀ ਅਤੇ ਹਰਾ ਧਣੀਆ, ਹਰੀਆਂ ਸਬਜ਼ੀਆਂ ਦੇ ਤੌਰ 'ਤੇ ਖਾਧੇ ਜਾਂਦੇ ਹਨ । ਹਰੀਆਂ ਸਬਜ਼ੀਆਂ ਦੀ ਮੌਜੂਦਗੀ ਖੁਰਾਕ ਵਿਚ ਵੰਨਗੀ ਅਤੇ ਰੌਚਿਕਤਾ ਲਿਆਉਂਦੀ ਹੈ । ਹਰੀਆਂ ਸਬਜ਼ੀਆਂ ਲੋਹਾ ਅਤੇ ਕੈਲਸ਼ੀਅਮ ਭਰਪੂਰ ਹੁੰਦੀਆਂ ਹਨ । ਗੂੜ੍ਹੀਆਂ ਹਰੀਆਂ ਪੱਤੇਦਾਰ ਸਬਜ਼ੀਆਂ ਬੀਟਾ ਕੈਰੋਟੀਨ (ਵਿਟਾਮਿਨ-ਏ), ਵਿਟਾਮਿਨ ਬੀ, ਸੀ ਅਤੇ ਏ ਅਤੇ ਰੇਸ਼ੇ ਦਾ ਚੰਗਾ ਸੋਮਾ ਹਨ, ਜੋ ਕਿ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹਨ । ਖੁਰਾਕ ਵਿਚ ਲੋਹੇ ਦੀ ਕਮੀ ਨਾਲ ਅਨੀਮਿਆ ਨਾਂ ਦੀ ਬਿਮਾਰੀ ਹੋ ਜਾਂਦੀ ਹੈ, ਜੋ ਕਿਸ਼ੋਰ ਅਵਸਥਾ ਵਿਚ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਵਿਚ ਆਮ ਪਾਈ ਜਾਂਦੀ ਹੈ । ਰੋਜ਼ਾਨਾ ਖੁਰਾਕ ਵਿਚ ਹਰੀਆਂ ਸਬਜ਼ੀਆਂ ਦੀ ਵਰਤੋਂ ਨਾਲ ਅਨੀਮੀਆ ਤੋਂ ਬਚਿਆ ਜਾ ਸਕਦਾ ਹੈ । ਹਰੀਆਂ ਸਬਜ਼ੀਆਂ ਨੂੰ ਜ਼ਿਆਦਾ ਪਕਾਉਣ ਨਾਲ ਇਨ੍ਹਾਂ ਦੇ ਪੌਸ਼ਟਿਕ ਤੱਤ ਖਤਮ ਹੋ ਜਾਂਦੇ ਹਨ । ਇਸ ਲਈ ਹਰੀਆਂ ਸਬਜ਼ੀਆਂ ਨੂੰ ਕੱਚਾ ਹੀ ਖੁਰਾਕ ਵਿਚ ਸ਼ਾਮਲ ਕਰਨਾ ਜ਼ਿਆਦਾ ਲਾਭਕਾਰੀ ਹੁੰਦਾ ਹੈ । ਕਿਉਂਕਿ ਇਹ ਬਹੁਤ ਸਾਰੇ ਪੌਸ਼ਟਿਕ ਤੱਤ ਪ੍ਰਦਾਨ ਕਰਦੀਆਂ ਹਨ । ਆਓ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਘਰ ਵਿਚ ਮੌਜੂਦ ਹੋਰ ਸਮੱਗਰੀ ਨਾਲ ਸਲਾਦ ਤਿਆਰ ਕਰੀਏ ਅਤੇ ਰੋਜ਼ਾਨਾ ਖੁਰਾਕ ਵਿਚ ਤਬਦੀਲੀ ਤੇ ਵੰਨ ਸੁਵੰਨਤਾ ਲਿਆਈਏ ।




# ਮੋਗਾ ਦੇ ਪੰਜਾਬੀ ਜੁੱਤੀ ਬਾਜ਼ਾਰ ਦਾ ਹੈ ਦੁਨੀਆ 'ਚ ਵਿਸ਼ੇਸ਼ ਸਥਾਨ



ਪੰਜਾਬੀ ਆਪਣੀ ਜਿੰਦਾ ਦਿਲੀ, ਮਿਲਾਪੜੇ ਸੁਭਾਅ ਤੇ ਪਹਿਰਾਵੇ ਸਦਕਾ ਕੁੱਲ ਦੁਨੀਆਂ ਵਿਚ ਵੱਖਰੀ ਜਾਣੇ ਜਾਂਦੇ ਹਨ। ਪੰਜਾਬੀ ਪਹਿਰਾਵੇ ਦੇ ਮੁੱਢ ਤੋਂ ਲੈ ਕੇ ਹੁਣ ਤੱਕ ਇਸ ਵਿਚ ਪੰਜਾਬੀ ਜੁੱਤੀ ਦਾ ਵਿਸ਼ੇਸ਼ ਸਥਾਨ ਰਿਹਾ ਹੈ ਤੇ ਪੰਜਾਬੀ ਜੁੱਤੀ ਪੰਜਾਬੀ ਪਹਿਰਾਵੇ ਦਾ ਪਹਿਚਾਣ ਚਿੰਨ੍ਹ ਰਹੀ ਹੈ । ਪੰਜਾਬੀ ਸੰਸਕ੍ਰਿਤੀ ਪੇਂਡੂ ਸੱਭਿਆਚਾਰ ਤੇ ਗੀਤ-ਸੰਗੀਤ ਵਿਚ ਵੀ ਪੰਜਾਬੀ ਜੁੱਤੀ ਦਾ ਹੁੰਦਾ ਜ਼ਿਕਰ ਵਿਸ਼ੇਸ਼ ਸਥਾਨ ਰੱਖਦਾ ਹੈ। ਮੋਗਾ ਸ਼ਹਿਰ ਵਿਚ ਪੰਜਾਬੀ ਜੁੱਤੀਆਂ ਦਾ ਵੱਡਾ ਬਾਜ਼ਾਰ ਹੈ ਤੇ ਮੋਗੇ ਦੀ ਬਣੀ ਪੰਜਾਬੀ ਜੁੱਤੀ ਪੂਰੇ ਵਿਸ਼ਵ ਵਿਚ ਵਿਸ਼ੇਸ਼ ਪ੍ਰਸਿੱਧੀ ਰੱਖਦੀ ਹੈ । ਅੰਡਰ ਬ੍ਰਿਜ ਰੋਡ 'ਤੇ ਦੋਵੇਂ ਪਾਸੇ ਦੁਕਾਨਦਾਰ ਪੰਜਾਬੀ ਜੁੱਤੀਆਂ ਨੂੰ ਆਪਣੀਆਂ ਦੁਕਾਨਾਂ ਦਾ ਸ਼ਿੰਗਾਰ ਬਣਾ ਕੇ ਸਜਾਈ ਬੈਠੇ ਹਨ, ਜਿਸ ਨੂੰ ਖਰੀਦਣ ਲਈ ਦੂਰ-ਦੁਰਾਡੇ ਇਲਾਕਿਆਂ ਸਮੇਤ ਵਿਦੇਸ਼ੀ ਸੈਲਾਨੀ ਵੀ ਗੇੜੇ ਮਾਰਦੇ ਹਨ। ਭਾਵੇਂ ਬਾਜ਼ਾਰਾਂ ਵਿਚ ਚੱਲੇ ਬਰਾਂਡਿਡ ਜੁੱਤੀਆਂ ਤੇ ਅਰਾਮਦਾਇਕ ਸਪੋਰਟਸ ਸ਼ੂਜ਼ ਦੇ ਰੁਝਾਨ ਨੇ ਇਸ ਹੱਥੀਂ ਕਿਰਤ ਦੇ ਧੰਦੇ ਨੂੰ ਵੱਡਾ ਖੋਰਾ ਲਾਇਆ ਹੈ, ਬਾਵਜੂਦ ਇਸ ਦੇ ਇਨ੍ਹਾਂ ਕਲਾਕਾਰਾਂ ਦੀ ਮਿਹਨਤ ਦੇ ਕਦਰਦਾਨ ਮਰਦ, ਔਰਤਾਂ ਪੰਜਾਬੀ ਜੁੱਤੀਆਂ ਨੂੰ ਆਪਣੇ ਪਹਿਰਾਵੇ ਦਾ ਵਿਆਹ ਸ਼ਾਦੀਆਂ 'ਤੇ ਨਿੱਤ ਦੇ ਸਮਾਗਮ ਵਿਚ ਸ਼ਾਮਲ ਕਰ ਆਪਣੀ ਦਿੱਖ ਨੂੰ ਫੱਬਵੀਂ ਬਣਾਉਂਦੇ ਹਨ।

ਅਜੋਕੇ ਫੈਸ਼ਨ ਪ੍ਰਸਤ ਨੌਜਵਾਨਾਂ ਅਤੇ ਰਾਜਸੀ ਵਰਗ ਵਿਚ ਪੰਜਾਬੀ ਜੁੱਤੀਆਂ ਵਧੇਰੇ ਮਕਬੂਲ ਹੋਈਆਂ ਹਨ ਜਿਨ੍ਹਾਂ ਦੀ ਵਰਤੋਂ ਕੁੜਤੇ ਪਜਾਮੇ ਤੇ ਜੀਨ ਪੈਂਟਾ ਨਾਲ ਕੀਤੀ ਜਾ ਰਹੀ ਹੈ । ਮੁਟਿਆਰਾਂ ਵਿਚ ਵੀ ਸਲਵਾਰ ਸੂਟ ਨਾਲ ਰਲਦੀ ਡਿਜ਼ਾਇਨਦਾਰ ਪੰਜਾਬੀ ਜੁੱਤੀ ਪਾਉਣ ਦਾ ਵਧੇਰੇ ਰਿਵਾਜ਼ ਹੈ । ਕਲਾਕਾਰਾਂ ਦੇ ਪਿੜ ਵਿਚ ਪੰਜਾਬੀ ਜੁੱਤੀਆਂ ਚਾਦਰੇ ਤੇ ਘੱਗਰਿਆਂ ਨਾਲ ਸਟੇਜਾਂ ਦਾ ਸ਼ਿੰਗਾਰ ਬਣਦੀਆਂ ਹਨ। ਵਿਸ਼ਵ ਮੰਡੀ ਵਿਚ ਵਿਸ਼ੇਸ਼ ਪਹਿਚਾਣ ਰੱਖਦੇ ਮੋਗਾ ਦੇ ਪੰਜਾਬੀ ਜੁੱਤੀ ਬਾਜ਼ਾਰ ਵਿਚ ਕਰੀਬ 25-26 ਦੁਕਾਨਾਂ ਹਨ ਜਿਥੇ 50-52 ਦੇ ਕਰੀਬ ਮਾਹਿਰ ਮਿਹਨਤਕਸ਼ ਕਾਰੀਗਰ ਆਪਣੀ ਕਲਾਂ ਸੂਝ ਨਾਲ ਜੁੱਤੀਆਂ ਤਿਆਰ ਕਰਦੇ ਹਨ। ਕਾਨਪੁਰ, ਮਦਰਾਸ, ਆਗਰਾ, ਜਲੰਧਰ ਸਮੇਤ ਵੱਖ-ਵੱਖ ਹਿੱਸਿਆਂ ਤੋਂ ਸਾਮਾਨ ਲਿਆ ਕੇ ਕਰੀਬ ਇਕ ਡੇਢ ਦਿਨ ਵਿਚ ਜੁੱਤੀਆਂ ਤਿਆਰ ਹੁੰਦੀਆਂ ਹਨ । ਕੀਮਤ ਪੱਖੋਂ 150 ਰੁਪਏ ਤੋਂ ਲੈ ਕੇ 4 ਹਜ਼ਾਰ ਤੱਕ ਦੀਆਂ ਪੰਜਾਬੀ ਜੁੱਤੀਆਂ ਬਾਜ਼ਾਰ ਵਿਚ ਤਿਆਰ ਹੁੰਦੀਆਂ ਹਨ । ਸਾਬਰ ਦਾ ਜਲਸਾ, ਪਲੇਨ ਫੁਲਕਾਰੀ, ਤਿੱਲੇ ਦੀ ਕਢਾਈ, ਨੱਗ, ਕੁੰਦਨ, ਸਟੋਨ ਆਦਿ ਜੁੱਤੀਆਂ ਮੋਗਾ ਦੇ ਬਾਜ਼ਾਰ ਦੀ ਵਿਸ਼ੇਸ਼ ਪਹਿਚਾਣ ਹਨ । ਇਸ ਤੋਂ ਇਲਾਵਾ ਦਬਕਾ, ਅਚਕਨ, ਵਾਲੀ, ਮਲਟੀਕਲਰ ਧਾਗਾ, ਧੋੜੀ, ਕੁਰਮ, ਸਿੱਧੇ ਦਲੇ, ਪਲੇਨ ਜਲਸਾ, ਗੌਂਕਾ, ਕੁੱਸਾ, ਪਾਕਿਸਤਾਨੀ ਜੁੱਤੀ ਤੇ ਸਲੀਪਰ ਆਦਿ ਵਰਾਇਟੀ ਦੀਆਂ ਜੁੱਤੀਆਂ ਮੋਗਾ ਦੀ ਪੰਜਾਬੀ ਜੁੱਤੀ ਦੀ ਵਿਸ਼ੇਸ਼ ਪਹਿਚਾਣ ਹੈ।

ਜਾਣਕਾਰੀ ਇੱਕਤਰ ਕਰਨ ਸਮੇਂ ਬਾਜ਼ਾਰ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਫੈਸ਼ਨ ਪ੍ਰਸਤੀ ਤੇ ਮਾਡਰਨ ਦਿੱਖ ਦੀ ਆੜ ਹੇਠ ਪੱਛਮੀ ਪ੍ਰਭਾਵ ਨੇ ਇਸ ਛੋਟੇ ਧੰਦੇ ਨੂੰ ਗੰਭੀਰ ਸੱਟ ਮਾਰੀ ਹੈ, ਜਿਸ ਨਾਲ ਇਸ ਘੇਰਲੂ ਕਿੱਤੇ ਤੇ ਹੁਨਰਕਾਰੀ ਨੂੰ ਧੱਕਾ ਲੱਗਾ ਹੈ । ਬਾਵਜੂਦ ਇਸ ਦੇ ਮੋਗਾ ਦੀ ਬਣੀ ਜੁੱਤੀ ਜਾਣਕਾਰ ਇਲਾਕਿਆਂ ਵਿਚ ਵਿਸ਼ੇਸ਼ ਮੁਕਾਮ ਤੇ ਸਥਾਨ ਰੱਖਦੀ ਹੈ।

ਜਸਪਾਲ ਸਿੰਘ ਬੱਬੀ
ਪੱਤਰਕਾਰ / ਪ੍ਰੈਸ ਫੋਟੋਗ੍ਰਾਫਰ "ਅਜੀਤ"
M.98145-88005



ਫਿਕਸ ਰੇਟ—ਵਧੀਆ ਇਸ਼ਤਿਹਾਰ
ਇਹ ਸਪੇਸ ਤੁਹਾਡੇ ਲਈ ਹੈ
ਆਪਣੀ ਫਰਮ, ਕਾਰੋਬਾਰ ਜਾਂ ਸੰਸਥਾ ਦਾ ਇਸ਼ਤਿਹਾਰ ਦਿਓ।
ਸਿਰਫ 2500/-
ਸੰਪਰਕ : 9988-92-9988